**California English Language Development Test**

## CELDT 2009–10 ਐਡੀਸ਼ਨ

## ਟੈਸਟ ਨਤੀਜਿਆਂ ਦੀ ਵਿਆਖਿਆ ਗਾਈਡ
## [TEST RESULTS INTERPRETATION GUIDE]

ਇਹ ਗਾਈਡ ਕੈਲੀਫ਼ੋਰਨੀਆ ਅੰਗ੍ਰੇਜ਼ੀ ਭਾਸ਼ਾ ਵਿਕਾਸ ਟੈਸਟ (CELDT) ਬਾਰੇ ਆਮ ਜਾਣਕਾਰੀ ਉਪਲਬਧ ਕਰਾਉਣ ਅਤੇ ਨਤੀਜੇ ਕਿਵੇਂ ਰਿਪੋਰਟ ਕੀਤੇ ਜਾਂਦੇ ਹਨ ਅਤੇ ਇਹਨਾਂ ਨਤੀਜਿਆਂ ਦਾ ਕੀ ਮਤਲਬ ਹੈ, ਦਾ ਇਕ ਸੰਖੇਪ ਬਿਓਰਾ ਦੇਣ ਲਈ ਤਿਆਰ ਕੀਤੀ ਗਈ ਹੈ।

## ਟੈਸਟ ਦਾ ਰੂਪ [Test Format]

ਉਹ ਸਾਰੇ ਵਿਦਿਆਰਥੀਆਂ, ਜਿਨ੍ਹਾਂ ਦੀ ਮੁੱਖ ਭਾਸ਼ਾ ਅੰਗ੍ਰੇਜ਼ੀ ਤੋਂ ਇਲਾਵਾ ਕੁੱਝ ਹੋਰ ਹੈ ਲਈ CELDT ਕੈਲੀਫ਼ੋਰਨੀਆ ਦੇ ਕਾਨੂੰਨ ਵਲੋਂ ਜਰੂਰੀ ਹੈ, ਅੰਗ੍ਰੇਜ਼ੀ ਭਾਸ਼ਾ ਵਿਚ ਪ੍ਰਵੀਨਤਾ ਹਾਸਿਲ ਕਰਨ ਲਈ। ਇਹ ਟੈਸਟ ਅੰਗ੍ਰੇਜ਼ੀ ਭਾਸ਼ਾ ਵਿਕਾਸ ਮਿਆਰਾਂ ਅਨੁਸਾਰ ਹੁੰਦੇ ਹਨ, ਜਿਸਨੂੰ ਸਟੇਟ ਸਿਖਿਆ ਬੋਰਡ ਵਲੋਂ ਮੰਜ਼ੂਰੀ ਮਿਲੀ ਹੋਈ ਹੈ। ਹੋਰ ਜਾਣਕਾਰੀ ਕੈਲੀਫ਼ੋਰਨੀਆ ਸਿਖਿਆ ਵਿਭਾਗ ਦੀ ਵੈਬਸਾਈਟ http://www.cde.ca.gov/ta/tg/el/ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

CELDT, ਵਿਦਿਆਰਥੀ ਦੀ ਅੰਗ੍ਰੇਜ਼ੀ ਭਾਸ਼ਾ ਮੁਹਾਰਤਾਂ ਦੀ ਪ੍ਰਵੀਨਤਾ ਨੂੰ ਇਹਨਾਂ ਹੇਠ ਲਿਖੇ ਖੇਤਰ ਰਾਹੀਂ ਪਰਖਦਾ ਹੈ :

- **ਸੁਣਨਾ [Listening]**
- **ਬੋਲਣਾ [Speaking]**
- **ਪੜ੍ਹਣਾ [Reading]**
- **ਲਿਖਣਾ [Writing]**

ਸੁਣਨ ਵਾਲੇ ਖੇਤਰ ਵਿਚ ਹੇਠ ਲਿਖੇ ਟੈਸਟ ਪੂਰਾ ਕਰਨ ਵਾਲੇ ਸਹਾਇਕ ਸ਼ਾਮਿਲ ਹਨ:

- **ਹੇਠ ਲਿਖੀਆਂ ਜ਼ਬਾਨੀ ਹਿਦਾਇਤਾਂ [Following Oral Directions]**: ਹਿਦਾਇਤਾਂ 'ਤੇ ਪ੍ਰਤੀਕਰਮ
- **ਟੀਚਰ ਦੀ ਗੱਲਬਾਤ [Teacher Talk]**: ਅਕਾਦਮਿਕ ਸਥਿਤੀਆਂ ਵਿਚ ਬੋਲੀ ਗਈ ਜਾਣਕਾਰੀ ਨੂੰ ਸਮਝਣਾ
- **ਪਸਾਰ ਕੀਤੀ ਗਈ ਸੁਣਨ ਵਾਲੀ ਸਮਝ-ਬੂਝ [Extended Listening Comprehension]**: ਇਕ ਸੰਖੇਪ ਕਹਾਣੀ ਬਾਰੇ ਸੁਆਲਾਂ ਦੇ ਜੁਆਬ ਦੇਣਾ
- **ਲੈਅ ਵਿਚ ਬੋਲਣਾ (ਸਿਰਫ਼ K–2) [Rhyming (K–2 only)]**: ਉਹ ਸ਼ਬਦ ਬਣਾਉਣਾ, ਜੋ ਦਿਤੇ ਗਏ ਸ਼ਬਦ ਨਾਲ ਲੈਅ ਬਣਾਉਣ

ਬੋਲਣ ਵਾਲੇ ਖੇਤਰ ਵਿਚ ਹੇਠ ਲਿਖੇ ਟੈਸਟ ਪੂਰਾ ਕਰਨ ਵਾਲੇ ਸਹਾਇਕ ਸ਼ਾਮਿਲ ਹਨ:

- **ਜ਼ਬਾਨੀ ਸ਼ਬਦਾਵਲੀ [Oral Vocabulary]**: ਜਾਣਨਾ ਕਿ ਨਾਂਵ, ਕਾਰਵਾਈਆਂ ਦੇ ਨਾਵਾਂ ਦੀ ਵਰਤੋਂ ਕਿਵੇਂ ਕਰੀਏ
- **ਬੋਲਣ ਦੇ ਕਾਰਜ [Speech Functions]**: ਵਿਸ਼ੇਸ਼ ਕੰਮਾਂ ਲਈ ਪ੍ਰਤੀਕਰਮ ਵਾਸਤੇ ਭਾਸ਼ਾ ਦੀ ਵਰਤੋਂ ਕਰਨੀ
- **ਚੋਣ ਕਰਨਾ ਅਤੇ ਕਾਰਣ ਦੇਣਾ [Choose and Give Reasons]**: ਇਕ ਤਰਜੀਹ ਬਾਰੇ ਦੱਸਣਾ ਅਤੇ ਦੋ ਕਾਰਣ ਦੇਣਾ
- **4-ਤਸਵੀਰਾਂ ਤੋਂ ਕਹਾਣੀ ਬਣਾਉਣਾ [4-Picture Narrative]**: ਤਸਵੀਰਾਂ ਦੀ ਲੜੀ 'ਤੇ ਅਧਾਰਿਤ ਇਕ ਕਹਾਣੀ ਦੱਸਣਾ

ਪੜ੍ਹਣ ਵਾਲੇ ਖੇਤਰ ਵਿਚ ਹੇਠ ਲਿਖੇ ਟੈਸਟ ਪੂਰਾ ਕਰਨ ਵਾਲੇ ਸਹਾਇਕ ਸ਼ਾਮਿਲ ਹਨ:

- **ਸ਼ਬਦ ਵਿਸ਼ਲੇਸ਼ਣ [Word Analysis]**: ਸ਼ਬਦਾਂ ਦੀ ਬਣਤਰ ਅਤੇ ਢਾਂਚਾ
- **ਰਵਾਨਗੀ ਅਤੇ ਸ਼ਬਦਾਵਲੀ [Fluency and Vocabulary]**: ਸ਼ਬਦ ਦੇ ਕਈ ਤਰ੍ਹਾਂ ਦੇ ਅਰਥਾਂ ਦੀ ਵਰਤੋਂ ਕਰਨਾ
- **ਪੜ੍ਹਣ ਸਬੰਧੀ ਸਮਝ-ਬੂਝ [Reading Comprehension]**: ਗਲਪ ਅਤੇ ਗ਼ੈਰ ਗਲਪ ਲਿਖਤ ਦੇ ਤੱਥ, ਸਿੱਟੇ ਅਤੇ ਆਲੋਚਨਾਤਮਕ ਵਿਸ਼ਲੇਸ਼ਣ

ਲਿਖਣ ਵਾਲੇ ਖੇਤਰ ਵਿਚ ਹੇਠ ਲਿਖੇ ਟੈਸਟ ਪੂਰਾ ਕਰਨ ਵਾਲੇ ਸਹਾਇਕ ਸ਼ਾਮਿਲ ਹਨ:

- **ਵਿਆਕਰਣ ਅਤੇ ਢਾਂਚਾ [Grammar and Structure]**: ਮਿਆਰੀ ਅੰਗ੍ਰੇਜ਼ੀ ਦੇ ਵਿਆਕਰਣ ਵਾਲੇ ਢਾਂਚੇ ਦੀ ਵਰਤੋਂ ਅਤੇ ਲਿਖਤ ਪਰਿਪਾਟੀਆਂ
- **ਵਾਕ ਲਿਖਣਾ [Writing Sentences]**: ਵਿਸ਼ੇਸ਼ ਵਿਸ਼ਿਆਂ ਬਾਰੇ ਵਾਕ ਬਣਾਉਣੇ
- **ਸੰਖੇਪ ਰਚਨਾਵਾਂ ਲਿਖਣਾ [Writing Short Compositions]**: ਵਿਸ਼ੇਸ਼ ਵਿਸ਼ਿਆਂ ਬਾਰੇ ਸੰਖੇਪ ਰਚਨਾਵਾਂ ਲਿਖਣਾ

# ਟੈਸਟ ਸਕੋਰ [Test Score]

CELDT ਇਕ ਮਾਪਦੰਡ ਹੈ, ਜਿਸਦੀ ਵਰਤੋਂ ਟੀਚਰ ਸਕੂਲ ਦੀ ਹੋਰ ਜਾਣਕਾਰੀ ਅਤੇ ਅਤੇ ਪ੍ਰਾਪਤੀ ਜਾਣਕਾਰੀ ਨਾਲ ਜੋੜ ਕੇ ਅੰਗ੍ਰੇਜ਼ੀ ਸਿੱਖਣ ਵਾਲਿਆਂ ਦੇ ਵਰਗੀਕਰਣ ਬਾਰੇ ਫ਼ੈਸਲੇ ਲੈਣ ਲਈ ਕਰਦੇ ਹਨ।

ਵਿਦਿਆਰਥੀਆਂ ਦੇ ਸਕੋਰ ਨੂੰ ਟੈਸਟ ਵਿਚ ਕਾਰਗੁਜ਼ਾਰੀ ਦੇ ਪੰਜ ਪੱਧਰਾਂ ਵਿਚ ਵਰਗੀਕ੍ਰਿਤ ਕਰਦੇ ਹਨः ਸ਼ੁਰੂਆਤੀ, ਮੁਢਲੀ ਦਰਮਿਆਨੀ, ਦਰਮਿਆਨੀ, ਮੁਢਲੀ ਉਚ ਪੱਧਰੀ ਅਤੇ ਉਚ ਪੱਧਰੀ।

ਸੁਣਨ, ਬੋਲਣ, ਪੜ੍ਹਣ ਅਤੇ ਲਿਖਣ ਸਬੰਧੀ ਖੇਤਰ ਦੇ ਸਕੋਰ ਅਲੱਗ ਅਲੱਗ ਹਨ। ਹੇਠ ਲਿਖੇ ਨੇਮਾਂ ਦੀ ਵਰਤੋਂ ਕਰਦਿਆਂ, ਇਹ ਸਕੋਰ ਸਮੁੱਚੇ ਸਕੋਰ ਅਤੇ ਸਮਝ-ਬੂਝ ਬਾਰੇ ਸਕੋਰ ਕੱਢਣ ਲਈ ਜੋੜੇ ਜਾਂਦੇ ਹਨः

ਸਮੁੱਚਾ ਸਕੋਰ = (0.25 X ਸੁਣਨ ਸਬੰਧੀ ਸਕੋਰ) + (0.25 X ਬੋਲਣ ਸਬੰਧੀ ਸਕੋਰ) + (0.25 X ਪੜ੍ਹਣ ਸਬੰਧੀ ਸਕੋਰ) + (0.25 X ਲਿਖਣ ਸਬੰਧੀ ਸਕੋਰ)

ਸਮਝ-ਬੂਝ ਬਾਰੇ ਸਕੋਰ = (0.50 X ਸੁਣਨ ਸਬੰਧੀ ਸਕੋਰ) + (0.50 X ਪੜ੍ਹਣ ਸਬੰਧੀ ਸਕੋਰ)

ਵਿਦਿਆਰਥੀ ਕਾਰਜ ਪੱਧਰ ਰਿਪੋਰਟ, ਹਰ ਖੇਤਰ ਅਤੇ ਸਮੁੱਚੇ ਕਾਰਜ ਪੱਧਰ ਵਿਚ ਵਿਦਿਆਰਥੀ ਦੀ ਅੰਗ੍ਰੇਜ਼ੀ ਭਾਸ਼ਾ ਕਾਰਜ ਦੇ ਪੱਧਰ ਨੂੰ ਦਰਸਾਉਂਦੀ ਹੈ। ਇਸ ਵਿਚ ਸਮਝ-ਬੂਝ ਸਕੋਰ ਵੀ ਸ਼ਾਮਲ ਹੈ। ਹੇਠਾਂ ਦਰਸਾਈ ਗਈ ਨਮੂਨਾ ਰਿਪੋਰਟ ਦਸਦੀ ਹੈ ਕਿ ਜਾਣਕਾਰੀ ਕਿਵੇਂ ਦਰਸਾਈ ਗਈ ਹੈ।




A— ਵਿਦਿਆਰਥੀ ਦਾ ਨਾਂ ਅਤੇ ਗ੍ਰੇਡ
B— ਰਿਪੋਰਟ ਦਾ ਉਦੇਸ਼
C— ਜ਼ਿਲ੍ਹਾ ਅਤੇ ਸਕੂਲ ਜਾਣਕਾਰੀ
D— CELDT ਕਾਰਜ ਪੱਧਰਾਂ

E— CELDT ਵਲੋਂ ਮੁਲਾਂਕਣ ਕੀਤੇ ਗਏ ਖੇਤਰ
F— ਹਰੇਕ ਖੇਤਰ ਅਤੇ ਸਮੁੱਚੇ ਲਈ ਪੈਮਾਨਾ ਸਕੋਰ
G— ਇਸ ਰਿਪੋਰਟ ਨੂੰ ਕਿਵੇਂ ਪੜ੍ਹੋ

## CELDT ਕਾਰਜ ਪੱਧਰ ਦੇ ਵਰਣਨਕਰਤਾ
## [CELDT Performance Level Descriptors]

ਕਾਰਜ ਦੇ ਹਰ ਪਧੱਰ 'ਤੇ ਵਿਦਿਆਰਥੀਆਂ ਦੀਆਂ ਮੁਹਾਰਤਾਂ ਦੇ ਆਮ ਵੇਰਵੇ ਹੇਠ ਅਨੁਸਾਰ ਹਨ।

ਨੋਟ ਕਰੋ ਕਿ ਕਾਰਜ ਦੇ ਪੱਧਰ ਦੀ ਪਰਿਭਾਸ਼ਾਵਾ, ਸ਼ੁਰੂਆਤੀ ਪੱਧਰ ਤੋਂ ਉੱਚ ਪੱਧਰ ਤੱਕ ਲਿਖੀਆਂ ਹੋਈਆਂ ਹਨ ਅਤੇ ਕਿ ਹਰ ਪੱਧਰ, ਪਹਿਲਾਂ ਦੇ ਪੱਧਰ 'ਤੇ ਅਧਾਰਿਤ ਹੈ। ਵੱਖ-ਵੱਖ ਵਿਦਿਆਰਥੀ ਦੇ ਅੰਗ੍ਰੇਜ਼ੀ ਭਾਸ਼ਾ ਦੇ ਵਿਕਾਸ ਨੂੰ ਤੇਜ਼ ਜਾਂ ਘੱਟ ਵਾਧੇ ਵਾਲੇ ਵਕਫ਼ਿਆਂ, ਪ੍ਰਗਤੀ ਦੇ ਪਿਛਾਂਹ ਵਲ ਪਰਤਣ, ਭਾਸ਼ਾ ਦਾ ਸਮਤਲ ਪੱਧਰ ਹਾਸਿਲ ਕਰਨਾ ਅਤੇ ਸੁਣਨ, ਬੋਲਣ, ਪੜ੍ਹਣ ਅਤੇ ਲਿਖਣ ਦੇ ਖੇਤਰ ਦੇ ਅਸਮਾਂਤਰ ਵਿਕਾਸ ਨਾਲ ਦਰਸ਼ਾਇਆ ਗਿਆ ਹੋ ਸਕਦਾ ਹੈ। ਹਰੇਕ ਪੱਧਰ 'ਤੇ ਅੰਗ੍ਰੇਜ਼ੀ ਸਿੱਖਣ ਵਾਲਾ ਜਾਂ ਵਾਲੀ, ਆਪਣੀ ਸਮਾਜਕ ਅਤੇ ਅਕਾਦਮਿਕ ਸ਼ਬਦਾਵਲੀ ਅਤੇ ਬਿਨਾ ਸੋਧੀ ਹੋਈ ਅੰਗ੍ਰੇਜ਼ੀ ਵਿਚ ਦਿਤੇ ਗਏ ਗ੍ਰੇਡ-ਪੱਧਰ ਦੇ ਵਿਸ਼ੇ ਨੂੰ ਸਿੱਖਣ ਦੀ ਉਸਦੀ ਸਮਰੱਥਾ ਦਾ ਲਗਾਤਾਰ ਪਸਾਰ ਕਰਨਾ ਜਾਰੀ ਰੱਖਦਾ ਜਾਂ ਰੱਖਦੀ ਹੈ।

### Beginning (ਸ਼ੁਰੂਆਤੀ)

ਅੰਗ੍ਰੇਜ਼ੀ ਭਾਸ਼ਾ ਕਾਰਜ ਦੇ ਇਸ ਪੱਧਰ 'ਤੇ ਵਿਦਿਆਰਥੀ ਸ਼ਾਇਦ ਅੰਗ੍ਰੇਜ਼ੀ ਭਾਸ਼ਾ ਦੀ ਗ੍ਰਹਿਣਸ਼ੀਲ ਜਾਂ ਰਚਨਾਤਮਕ ਮੁਹਾਰਤਾਂ ਦਾ ਥੋੜ੍ਹਾ ਬਹੁਤ ਜਾਂ ਬਿਲਕੁਲ ਪ੍ਰਦਰਸ਼ਨ ਨਾ ਕਰ ਸਕਣ। ਉਹ ਅਣਸੋਧੀ ਹਿਦਾਇਤ ਦੌਰਾਨ ਕੁਝ ਠੋਸ ਵੇਰਵਿਆਂ ਨੂੰ ਸਮਝਣਾ ਸ਼ੁਰੂ ਹੋ ਰਹੇ ਹਨ। ਹੋ ਸਕਦਾ ਹੈ ਕਿ ਉਹ ਸੰਚਾਰ ਜਾਂ ਸਿਖਣ ਦੀਆ ਕੁਝ ਮੰਗਾਂ ਦਾ ਜਵਾਬ ਦੇ ਸਕਣ, ਪਰ ਕਈ ਗ਼ਲਤੀਆਂ ਨਾਲ। ਜ਼ਬਾਨੀ ਜਾਂ ਲਿਖ਼ਤੀ ਰਚਨਾਤਮਕਤਾ, ਆਮ ਤੌਰ 'ਤੇ ਅਲੱਗ-ਥਲੱਗ ਸ਼ਬਦਾਂ ਅਤੇ ਰਟੇ ਹੋਏ ਕਥਨਾਂ ਜਾਂ ਸੁਆਲਾਂ ਤੱਕ ਸੀਮਤ ਹੁੰਦੀ ਹੈ। ਵਾਰ-ਵਾਰ ਦੀਆਂ ਗ਼ਲਤੀਆਂ, ਸੰਚਾਰ ਵਿਚ ਮੁਸ਼ਕਿਲ ਹੋ ਸਕਦੀ ਹੈ।

### Early Intermediate (ਮੁਢਲੀ ਦਰਮਿਆਨੀ)

ਅੰਗ੍ਰੇਜ਼ੀ ਭਾਸ਼ਾ ਕਾਰਜ ਦੇ ਇਸ ਪਧੱਰ 'ਤੇ ਵਿਦਿਆਰਥੀ, ਗ੍ਰਹਿਣਸ਼ੀਲ ਅਤੇ ਰਚਨਾਤਮਕ ਅੰਗ੍ਰੇਜ਼ੀ ਮੁਹਾਰਤਾਂ ਵਿਕਸਿਤ ਕਰਨਾ ਜਾਰੀ ਰਖਦੇ ਹਨ। ਉਹ ਅਣਸੋਧੀ ਹਿਦਾਇਤ ਦੌਰਾਨ ਵਧੇਰੇ ਠੋਸ ਵੇਰਵਿਆਂ ਨੂੰ ਸਮਝਣਾ ਅਤੇ ਉਹਨਾਂ ਦੀ ਸ਼ਨਾਖ਼ਤ ਕਰਨਾ ਸ਼ੁਰੂ ਕਰ ਦਿੰਦੇ ਹਨ। ਉਹ ਗ਼ਲਤੀਆਂ ਦੀ ਘੱਟ ਗਿਣਤੀ ਦੇ ਨਾਲ, ਵਧੇਰੇ ਵੱਖ-ਵੱਖ ਤਰ੍ਹਾਂ ਦੇ ਸੰਚਾਰ ਜਾਂ ਸਿੱਖਣ ਦੀਆ ਮੰਗਾਂ ਦਾ ਅਸਾਨੀ ਨਾਲ ਜਵਾਬ ਦੇਣ ਦੇ ਸਮਰੱਥ ਹੋ ਸਕਦੇ ਹਨ। ਜ਼ਬਾਨੀ ਅਤੇ ਲਿਖ਼ਤੀ ਰਚਨਾਤਮਕਤਾਵਾਂ, ਆਮ ਤੌਰ 'ਤੇ ਵਾਕ-ਅੰਸ਼ਾਂ ਅਤੇ ਰਟੇ ਹੋਏ ਕਥਨਾਂ ਅਤੇ ਸੁਆਲਾਂ ਤੱਕ ਸੀਮਤ ਹੁੰਦੀਆਂ ਹਨ। ਵਾਰ-ਵਾਰ ਦੀਆਂ ਗ਼ਲਤੀਆਂ ਨਾਲ ਹਾਲੀਂ ਵੀ ਸੰਚਾਰ ਘੱਟ ਹੁੰਦਾ ਹੈ।

### Intermediate (ਦਰਮਿਆਨੀ)

ਅੰਗ੍ਰੇਜ਼ੀ ਭਾਸ਼ਾ ਕਾਰਜ ਦੇ ਇਸ ਪਧੱਰ 'ਤੇ ਵਿਦਿਆਰਥੀ, ਸੰਚਾਰ ਅਤੇ ਸਿੱਖਣ ਦੀਆਂ ਮੰਗਾਂ ਨੂੰ ਵੱਧ ਸਟੀਕਤਾ ਨਾਲ ਪੂਰਾ ਕਰਨ ਲਈ, ਅੰਗ੍ਰੇਜ਼ੀ ਭਾਸ਼ਾ ਵਿਕਸਿਤ ਕਰਨਾ ਜਾਰੀ ਰਖਦੇ ਹਨ। ਉਹ ਅਣਸੋਧੀ ਹਿਦਾਇਤ ਦੌਰਾਨ ਵਧੇਰੇ ਠੋਸ ਵੇਰਵਿਆਂ ਅਤੇ ਕੁਝ ਵੱਡੇ ਅਮੂਰਤ ਸਿਧਾਂਤਾਂ ਨੂੰ ਸਮਝਣਾ ਅਤੇ ਉਹਨਾਂ ਦੀ ਸ਼ਨਾਖ਼ਤ ਸ਼ੁਰੂ ਕਰ ਸਕਦੇ ਹਨ। ਉਹ ਗ਼ਲਤੀਆਂ ਦੀ ਘੱਟ ਗਿਣਤੀ ਦੇ ਨਾਲ, ਵਧੇਰੇ ਵੱਖ-ਵੱਖ ਤਰ੍ਹਾਂ ਦੇ ਸੰਚਾਰ ਜਾਂ ਸਿੱਖਣ ਦੀਆ ਮੰਗਾਂ ਦਾ ਵਧੇਰੇ ਅਸਾਨੀ ਨਾਲ ਜਵਾਬ ਦੇਣ ਦੇ ਸਮਰੱਥ ਹੋ ਸਕਦੇ ਹਨ। ਜ਼ਬਾਨੀ ਅਤੇ ਲਿਖ਼ਤੀ ਰਚਨਾਤਮਕਤਾਵਾਂ ਦਾ, ਆਮ ਤੌਰ 'ਤੇ ਵਾਕਾਂ, ਪੈਰ੍ਹਿਆਂ ਅਤੇ ਮੂਲ ਕਥਨਾਂ ਜਾਂ ਸੁਆਲਾਂ ਤੱਕ ਪਸਾਰ ਹੋ ਗਿਆ ਹੈ। ਹਾਲੀਂ ਵੀ ਗ਼ਲਤੀਆਂ ਨਾਲ ਸੰਚਾਰ ਜਟਿਲ ਹੁੰਦਾ ਹੈ।

### Early Advanced (ਮੁਢਲੀ ਉੱਚੀ ਪੱਧਰ)

ਅੰਗ੍ਰੇਜ਼ੀ ਭਾਸ਼ਾ ਕਾਰਜ ਦੇ ਇਸ ਪਧੱਰ ਤੇ ਵਿਦਿਆਰਥੀ, ਅੰਗ੍ਰੇਜ਼ੀ ਭਾਸ਼ਾ ਦੇ ਤੱਤਾਂ ਨੂੰ ਜਟਿਲ, ਬੋਧ ਸਥਿਤੀਆਂ ਨਾਲ ਜੋੜਨਾ ਸ਼ੁਰੂ ਕਰ ਦਿੰਦੇ ਹਨ ਅਤੇ ਅੰਗ੍ਰੇਜ਼ੀ ਨੂੰ ਅਕਾਦਮਿਕ ਖੇਤਰ ਵਿਚ ਸਿੱਖਣ ਦੇ ਤਰੀਕੇ ਵਜੋਂ ਵਰਤਣ ਦੇ ਕਾਬਲ ਹੋ ਜਾਂਦੇ ਹਨ। ਉਹ ਜ਼ਿਆਦਾਤਰ ਅਕਾਦਮਿਕ ਖੇਤਰ ਵਿਚ ਅਣਸੋਧੀ ਹਿਦਾਇਤ ਦੌਰਾਨ ਵਧੇਰੇ ਠੋਸ ਵੇਰਵਿਆਂ ਅਤੇ ਅਮੂਰਤ ਸਿਧਾਂਤਾਂ ਦੀ ਸ਼ਨਾਖ਼ਤ ਕਰ ਸਕਦੇ ਅਤੇ ਇਹਨਾਂ ਦਾ ਸਾਰ ਬਣਾ ਸਕਦੇ ਹਨ। ਜ਼ਬਾਨੀ ਅਤੇ ਲਿਖ਼ਤੀ ਰਚਨਾਤਮਕਤਾਵਾਂ, ਵਧੇਰੇ ਵਿਆਪਕ ਵਿਚਾਰ-ਵਟਾਂਦਰੇ ਅਤੇ ਪੂਰੀ ਤਰ੍ਹਾਂ ਵਿਕਸਿਤ ਪੈਰ੍ਹਿਆਂ ਅਤੇ ਲੇਖਾਂ ਦੀਆਂ ਵਿਸ਼ੇਸ਼ਤਾਵਾਂ ਵਾਲੀਆਂ ਹੁੰਦੀਆਂ ਹਨ। ਗ਼ਲਤੀਆਂ ਬਹੁਤ ਘੱਟ ਹੁੰਦੀਆਂ ਹਨ ਅਤੇ ਕਦੀ-ਕਦਾਈਂ ਹੀ ਸੰਚਾਰ ਨੂੰ ਜਟਿਲ ਕਰਦੀਆਂ ਹਨ।

### Advanced (ਉੱਚੀ ਪੱਧਰ)

ਅੰਗ੍ਰੇਜ਼ੀ ਭਾਸ਼ਾ ਕਾਰਜ ਦੇ ਇਸ ਪਧੱਰ 'ਤੇ ਵਿਦਿਆਰਥੀ, ਸਮਾਜਕ ਅਤੇ ਸਿਖਣ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ, ਵੱਖ-ਵੱਖ ਲੋਕਾਂ ਨਾਲ ਜਾਣੇ-ਪਛਾਣੇ ਅਤੇ ਨਵੇਂ ਵਿਸ਼ਿਆਂ ਦੀ ਵਿਆਪਕ ਸ਼੍ਰੇਣੀ ਵਿਚ ਅਸਰਦਾਰ ਸੰਚਾਰ ਕਰਦੇ ਹਨ। ਅੰਗ੍ਰੇਜ਼ੀ ਮਾਂ-ਬੋਲੀ ਵਾਲੇ ਆਪਣੇ ਦੂਜੇ ਸਾਥੀਆਂ ਦੇ ਬਰਾਬਰ ਦਾ ਅੰਗ੍ਰੇਜ਼ੀ ਦੇ ਕਾਰਜ ਦਾ ਪੱਧਰ ਹਾਸਲ ਕਰਨ ਲਈ, ਹੋਰ ਭਾਸ਼ਾਈ ਪਸਾਰ ਅਤੇ ਸ਼ੁੱਧਤਾ ਦੀ ਕਾਰਵਾਈ ਜ਼ਰੂਰੀ ਹੈ। ਉਹ ਸਾਰੇ ਅਕਾਦਮਿਕ ਖੇਤਰ ਵਿਚ ਅਣਸੋਧੀ ਹਿਦਾਇਤ ਦੌਰਾਨ ਠੋਸ ਵੇਰਵਿਆਂ ਅਤੇ ਅਮੂਰਤ ਸਿਧਾਂਤਾਂ ਦੀ ਸ਼ਨਾਖ਼ਤ ਕਰ ਸਕਦੇ ਅਤੇ ਇਹਨਾਂ ਦਾ ਸਾਰ ਬਣਾ ਸਕਦੇ ਹਨ। ਜ਼ਬਾਨੀ ਅਤੇ ਲਿਖ਼ਤੀ ਰਚਨਾਤਮਕਤਾਵਾਂ, ਅਕਾਦਮਿਕ ਖੇਤਰ ਲਈ ਉਚਿਤ ਵਿਚਾਰ-ਵਟਾਂਦਰੇ ਦਾ ਪ੍ਰਗਟਾਵਾ ਕਰਦੀਆਂ ਹਨ। ਗ਼ਲਤੀਆਂ ਨਾ-ਬਰਾਬਰ ਹਨ ਅਤੇ ਸੰਚਾਰ ਨੂੰ ਘੱਟ ਨਹੀਂ ਕਰਦੀਆਂ।

ਨੋਟ: NCLB ਪਾਲਣਾ ਦੇ ਉਦੇਸ਼ਾਂ ਲਈ, ਇਕ ਸਮਝ-ਬੁਝ ਸਕੋਰ, ਟੈਸਟ ਦੇ ਸੁਣਨ ਅਤੇ ਪੜ੍ਹਣ ਦੇ ਖੇਤਰ ਦੇ ਸਕੋਰਾਂ ਦਾ ਔਸਤ ਹੈ।